### ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ

091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in


ਜਿੰਮੇਵਾਰ ਬਣੋ, ਵੋਟਰ ਬਣੋ | ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2025/ | ਮਿਤੀ:

ਵੱਲ,

ਸੈਕਟਰ ਅਫ਼ਸਰ ਨੰ: 4,5,10,17,18,21,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ,
ਬਠਿੰਡਾ।

ਵਿਸ਼ਾ:- **Special Intensive Revision (S.I.R) w.r.t 01.01.2026-regarding.**

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ: ਚੋਣਾਂ-2025/218 ਮਿਤੀ: 05-09-2025

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀ ਆਪ ਨੂੰ ਲਿਖਿਆ ਗਿਆ ਸੀ ਕਿ ਆਪ ਦੇ ਸੈਕਟਰ ਨਾਲ ਸਬੰਧਤ ਬੀ.ਐਲ.ਓਜ਼ ਪਾਸੋ ਸਾਲ 2003 ਦੀਆਂ ਵੋਟਰ ਸੂਚੀਆਂ ਦਾ ਮਿਲਾਨ ਯੋਗਤਾ ਮਿਤੀ: 01.07.2025 ਨੂੰ ਤਿਆਰ ਕੀਤੀਆਂ ਗਈਆਂ ਵੋਟਰ ਸੂਚੀਆਂ ਨਾਲ ਮਿਤੀ: 07-09-2025 ਤੱਕ ਕੀਤਾ ਜਾਵੇ। ਪ੍ਰੰਤੂ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਹੇਠ ਲਿਖੇ ਅਨੁਸਾਰ ਬੀ.ਐਲ.ਓਜ਼ ਦੇ ਕੰਮ ਦੀ ਪ੍ਰਗਤੀ ਬਹੁਤ ਹੀ ਘੱਟ ਹੈ (ਨਾਂ ਦੇ ਬਰਾਬਰ ਹੈ)। ਜਿਸਤੋ ਸਾਫ ਜਾਹਿਰ ਹੁੰਦਾ ਹੈ ਕਿ ਆਪ ਚੋਣਾਂ ਸਬੰਧੀ ਕੰਮ ਨੂੰ ਮਹੱਤਤਾ ਨਹੀਂ ਦਿੰਦੇ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਤੇ ਆਪ ਦੇ ਸੈਕਟਰ ਨਾਲ ਸਬੰਧੀ ਹੇਠ ਲਿਖੇ ਅਨੁਸਾਰ ਬੀ.ਐਲ.ਓਜ਼ ਨੂੰ ਮਿਤੀ: 10-09-2025 ਨੂੰ ਦੁਪਿਹਰ 2.30 ਵਜੇ ਨਿਮਨਹਸਤਾਖਰ ਦੇ ਦਫਤਰ ਦੇ ਕਮਰਾ ਨੰ: 398,ਦੂਜੀ ਮੰਜਿਲ, ਮਿੰਨੀ ਸਕੱਤਰੇਤ, ਬਠਿੰਡਾ ਵਿਖੇ ਹਾਜ਼ਰ ਹੋਣ ਲਈ ਪਾਬੰਦ ਕਰਦੇ ਹੋਏ ਕੰਮ ਮਿਤੀ: 10-09-2025 ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

| ਲੜੀ ਨੰ: | ਭਾਗ ਨੰ: | ਪਿੰਡ |
|---|---|---|
| 1 | 37-41 | ਮਹਿਮਾ ਸਰਜਾ |
| 2 | 43,45 | ਸਿਵੀਆਂ |
| 3 | 48 | ਗਿੱਲ ਪੱਤੀ |
| 4 | 86 | ਜੀਦਾ |
| 5 | 93 | ਖੇਮੂਆਣਾ |
| 6 | 159-166 | ਲਹਿਰਾ ਮੁਹੱਬਤ |
| 7 | 169 | ਚੱਕ ਬਖਤੂ |
| 8 | 190 | ਭੁੱਚੋ ਖੁਰਦ |

ਨੋਟ:- **ਸਬੰਧਤ ਬੀ.ਐਲ.ਓ ਸਾਹਿਬਾਨ ਆਪਣੇ ਭਾਗ ਨਾਲ ਸਬੰਧਤ ਵੋਟਰ ਸੂਚੀਆਂ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ।**

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 234 | ਮਿਤੀ: 10-08-25

ਉਪਰੋਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫ਼ਸਰ (ਸਕੈਂਡਰੀ/ਐਲੀਮੈਂਟਰੀ), ਬਠਿੰਡਾ ਅਤੇ ਸਬੰਧਤ ਵਿਭਾਗਾ ਦੇ ਮੁੱਖੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫ਼ਤਰ ਅਧੀਨ ਉਕਤ ਅਨੁਸਾਰ ਬੀ.ਐਲ.ਓਜ਼ ਜਿਨ੍ਹਾਂ ਦੀ ਡਿਊਟੀ ਨਿਮਨਹਸਤਾਖਰ ਦੇ ਹਲਕਾ ਅਧੀਨ ਲੱਗੀ ਹੋਈ ਹੈ ਨੂੰ ਮਿਤੀ: 10-09-2025 ਨੂੰ ਸਕੂਲ/ਦਫਤਰੀ ਕੰਮ ਤੋ ਬਾਅਦ ਦੁਪਿਹਰ ਛੋਟ ਦਿੱਤੀ ਜਾਵੇ।

ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿ.ਅੰ.ਨੰ. ਈ-1(2025) 6392 ਮਿਤੀ: 10-09-25
ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

10/09/25
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ